pstcl
ਪੰਜਾਬ ਰਾਜ ਟਰਾਂਸਮਿਸ਼ਨ ਨਿਗਮ ਲਿਮਟਡ
(ਦਫ: ਉਪ ਮੁੱਖ ਇੰਜੀਨੀਅਰ/ਪੀ ਅਤੇ ਐਮ ਹਲਕਾ ਅਬਲੋਵਾਲ, ਪਟਿਆਲਾ)
Fax: 0175-2360186 E-Mail: se-pm-pat@pstcl.org

ਦਫਤਰੀ ਹੁਕਮ ਨੰ: 95 ਮਿਤੀ: 24-12-14

ਜਿਵੇਂ ਕਿ ਸ੍ਰੀ ਰਾਜੇਸ਼ ਭੱਟ,ਸਟੈਨੋਟਾਈਪਿਸਟ ਪੁੱਤਰ ਸ੍ਰੀ ਮਨੀ ਰਾਮ ਭੱਟ ਦੇ ਤੈਨਾਤੀ ਆਰਡਰ ਮੁੱਖ ਇੰਜੀਨੀਅਰ/ਪੀ ਤੇ ਐਮ, PSTCL ਲੁਧਿਆਣਾ ਦੇ ਦ:ਹੁ:ਨੰ:365 ਮਿਤੀ 22.11.11 ਰਾਹੀ ਪੀ ਤੇ ਐਮ ਹਲਕਾ, PSTCL, ਪਟਿਆਲਾ ਦੇ ਕੀਤੇ ਗਏ। ਕਰਮਚਾਰੀ ਨੇ ਇਸ ਦ/ਹੁ ਦੀ ਪਾਲਣਾ ਵਿੱਚ ਮਿਤੀ 22.11.11 ਨੂੰ ਜੁਆਇੰਨ ਕਰ ਲਿਆ ਸੀ, ਪਰੰਤੂ ਜੁਆਇੰਨ ਕਰਨ ਦੇ ਤੁਰੰਤ ਅਗਲੇ ਦਿਨ ਤੋਂ ਹੀ ਕਰਮਚਾਰੀ ਬਗੈਰ ਕਿਸੇ ਇਤਲਾਹ ਦੇ ਆਪਣੀ ਮਨਮਰਜੀ ਨਾਲ ਡਿਊਟੀ ਤੋਂ ਗੈਰ-ਹਾਜਰ ਹੋ ਗਿਆ ਅਤੇ ਲਗਾਤਾਰ ਗੈਰ ਹਾਜਰ ਚੱਲ ਰਿਹਾ ਹੈ। ਇਸ ਸਬੰਧੀ ਨਿਗਰਾਨ ਇੰਜੀਨੀਅਰ/ਪੀ ਤੇ ਐਮ ਹਲਕਾ, PSTCL, ਪਟਿਆਲਾ ਦੇ ਦਫਤਰ ਦੇ ਪੱਤਰ ਨੰ: 77 ਮਿਤੀ 6.1.12 ਰਾਹੀਂ ਕਰਮਚਾਰੀ ਨੂੰ ਡਿਊਟੀ ਜੁਆਇੰਨ ਕਰਨ ਲਈ ਪੱਤਰ ਲਿਖਿਆ ਗਿਆ, ਪਰੰਤੂ ਕਰਮਚਾਰੀ ਨੇ ਨਾ ਤਾਂ ਪੱਤਰ ਦਾ ਕੋਈ ਉਤਰ ਦਿੱਤਾ ਅਤੇ ਨਾ ਹੀ ਡਿਊਟੀ ਜੁਆਇੰਨ ਕੀਤੀ। ਮਿਤੀ 24.1.12 ਨੂੰ ਕਰਮਚਾਰੀ ਦੇ ਘਰ ਪੀ ਤੇ ਐਮ ਹਲਕਾ, PSTCL, ਪਟਿਆਲਾ ਦਫਤਰ ਦੇ ਕਰਮਚਾਰੀ ਨੂੰ ਪਤਾ ਕਰਨ ਲਈ ਭੇਜਿਆ ਗਿਆ ਪਰੰਤੂ ਘਰ ਵਿਖੇ ਤਾਲਾ ਲੱਗਾ ਹੋਇਆ ਸੀ। ਨਿਗਰਾਨ ਇੰਜੀਨੀਅਰ/ਪੀ ਤੇ ਐਮ ਹਲਕਾ, PSTCL, ਪਟਿਆਲਾ ਵਲੋ ਪੱਤਰ ਨੰ: 843 ਮਿਤੀ 24.2.12 ਨੂੰ ਫਿਰ ਇੱਕ ਰਜਿਸਟਰਡ ਪੱਤਰ ਕਰਮਚਾਰੀ ਦੇ ਘਰ ਭੇਜਿਆ ਗਿਆ ਪਰੰਤੂ ਉਸਦਾ ਵੀ ਕਰਮਚਾਰੀ ਨੇ ਨਾ ਤਾਂ ਕੋਈ ਜਵਾਬ ਦਿੱਤਾ ਹੈ ਅਤੇ ਨਾ ਹੀ ਡਿਊਟੀ ਜੁਆਇੰਨ ਕੀਤੀ ਹੈ, ਜਿਸ ਤੋਂ ਜਾਹਿਰ ਹੈ ਕਿ ਕਰਮਚਾਰੀ ਇਸ ਦਫਤਰ ਵਿਖੇ ਹਾਜ਼ਰ ਹੋਣ ਦਾ ਇਛੁੱਕ ਨਹੀਂ ਹੈ।

ਕਰਮਚਾਰੀ ਦੇ ਲਗਾਤਾਰ ਗੈਰ ਹਾਜ਼ਰ ਰਹਿਣ ਕਾਰਣ ਉਪ ਮੁੱਖ ਇੰਜ./ ਪ੍ਰਬੰਧਕੀ PSTCL, ਪਟਿਆਲਾ ਦੇ ਪੱਤਰ ਨੰ: 1754 ਮਿਤੀ 9.3.12 ਅਨੁਸਾਰ ਨਿਗਰਾਨ ਇੰਜੀਨੀਅਰ/ਪੀ ਤੇ ਐਮ ਹਲਕਾ, PSTCL, ਪਟਿਆਲਾ ਦੇ ਦਫਤਰ ਵਲੋ ਅਨੁਸ਼ਾਸਨੀ ਕਾਰਵਾਈ ਹਿਤ ਮੀਮੋ ਨੰ: 1600 ਮਿਤੀ 2.4.12 ਨੂੰ ਕਰਮਚਾਰੀ ਵਿਰੁਧ ਦੋਸ਼ ਸੂਚੀ ਜਾਰੀ ਕੀਤੀ ਗਈ । ਇਹ ਦੋਸ਼ ਸੂਚੀ ਰਜਿਸਟਰਡ ਡਾਕ ਰਾਹੀ ਕਰਮਚਾਰੀ ਦੇ ਘਰ ਪ੍ਰਾਪਤ ਨਾ ਕਰਨ ਕਾਰਣ ਡਾਕਘਰ ਵਲੋ ਦਫਤਰ ਵਾਪਸ ਆ ਗਈ। ਨਿਗਰਾਨ ਇੰਜੀਨੀਅਰ ਪੀ ਤੇ ਐਮ ਹਲਕਾ, PSTCL, ਪਟਿਆਲਾ ਦੇ ਦਫਤਰ ਦੇ ਸੇਵਾਦਾਰ ਸ੍ਰੀ ਰਾਮ ਅਜੋਰ ਦੇ ਹੱਥ ਦਸਤੀ ਮਿਤੀ 30.5.12 ਨੂੰ ਦੋਸ਼ ਸੂਚੀ ਭੇਜੀ ਗਈ ਜੋ ਕਿ ਕਰਮਚਾਰੀ ਨੇ ਲੈਣ ਤੋ ਇਨਕਾਰ ਕਰ ਦਿੱਤਾ। ਫਿਰ ਨਿਗਰਾਨ ਇੰਜੀਨੀਅਰ/ਪੀ ਤੇ ਐਮ ਹਲਕਾ, PSTCL, ਪਟਿਆਲਾ ਦੀ ਪ੍ਰਵਾਨਗੀ ਉਪਰੰਤ ਕਰਮਚਾਰੀ ਦੇ ਘੱਰ ਦੇ ਗੇਟ ਤੇ ਦੋਸ਼ ਸੂਚੀ ਚਿਪਕਵਾ ਦਿੱਤੀ ਗਈ। ਕਰਮਚਾਰੀ ਨੂੰ ਆਪਣੀ ਡਿਊਟੀ ਤੇ ਹਾਜਰ ਹੋਣ ਸਬੰਧੀ ਅਜੀਤ ਅਖਬਾਰ (ਪੰਜਾਬੀ) ਅਤੇ ਦੀ ਟ੍ਰਿਬਿਊਨ ਅਖਬਾਰ (ਅੰਗ੍ਰੇਜੀ) ਵਿੱਚ ਮਿਤੀ 09.11.12 ਨੂੰ ਪਬਲਿਕ ਨੋਟਿਸ ਦਿਤਾ ਗਿਆ। ਪਬਲਿਕ ਨੋਟਿਸ ਦੇ ਬਾਵਜੂਦ ਕਰਮਚਾਰੀ ਆਪਣੀ ਡਿਊਟੀ ਤੇ ਹਾਜਰ ਨਹੀਂ ਹੋਇਆ।

ਉਪ ਸਕੱਤਰ, PSTCL, ਪਟਿਆਲਾ ਦੇ ਪੱਤਰ ਨੰ:3918 ਮਿਤੀ 13.03.13 ਮੁਤਾਬਕ ਸ੍ਰੀ ਰਾਜੇਸ਼ ਭੱਟ,ਸਟੈਨੋਟਾਈਪਿਸਟ ਨੂੰ ਨਿਗਰਾਨ ਇੰਜੀਨੀਅਰ/ਪੀ ਤੇ ਐਮ ਹਲਕਾ, PSTCL,ਪਟਿਆਲਾ ਵਲੋ ਜਾਰੀ ਕੀਤੀ ਦੋਸ਼ ਸੂਚੀ ਦੀ ਵਿਭਾਗੀ ਪੜਤਾਲ ਕਰਵਾਉਣ ਲਈ ਨਿਗਰਾਨ ਇੰਜੀਨੀਅਰ/ਪੀ ਤੇ ਐਮ ਹਲਕਾ, PSTCL,ਪਟਿਆਲਾ ਦੇ ਦਫਤਰੀ ਹੁਕਮ ਨੰ:29 ਮਿਤੀ 02.04.13 ਰਾਹੀ ਉਪ ਸਕੱਤਰ/ਇੰਨਕੁਆਰੀ,PSPCL, ਪਟਿਆਲਾ ਨੂੰ ਪੜਤਾਲ ਅਫਸਰ ਅਤੇ ਸ੍ਰੀ ਸੰਜੀਵਨ ਕੁਮਾਰ,ਮੰਡਲ ਲੇਖਾਕਾਰ ਨੂੰ ਪੇਸ਼ਕਾਰ ਅਫਸਰ ਨਿਯੁਕਤ ਕੀਤਾ ਗਿਆ। ਉਪ ਸਕੱਤਰ/ਇੰਨਕੁਆਰੀ, PSPCL, ਪਟਿਆਲਾ ਦੇ ਕਹਿਣ ਮੁਤਾਬਕ ਕਰਮਚਾਰੀ ਦੁਆਰਾ ਆਪਣੀ ਦੋਸ਼ ਸੂਚੀ ਪ੍ਰਾਪਤ ਕਰਨ ਲਈ ਹਿੰਦੁਸਤਾਨ ਟਾਈਮਸ (ਅੰਗ੍ਰੇਜੀ ਅਖਬਾਰ) ਅਤੇ ਜੱਗ ਬਾਣੀ (ਪੰਜਾਬੀ ਅਖਬਾਰ) ਵਿੱਚ ਮਿਤੀ 13.07.13 ਨੂੰ ਨਿਗਰਾਨ ਇੰਜੀਨੀਅਰ/ਪੀ ਤੇ ਐਮ ਹਲਕਾ, PSTCL, ਪਟਿਆਲਾ ਦੇ ਦਫਤਰ ਦੁਆਰਾ ਨੋਟਿਸ ਛਪਵਾਇਆ ਗਿਆ। ਜਿਸ ਵਿੱਚ ਕਰਮਚਾਰੀ ਨੂੰ 15 ਦਿਨਾਂ ਦੇ ਅੰਦਰ ਅੰਦਰ ਆਪਣੀ ਡਿਊਟੀ ਤੇ ਹਾਜਰ ਹੋਣ ਅਤੇ ਚਾਰਜਸ਼ੀਟ ਨੰ:1600 ਮਿਤੀ 02.04.12 ਪ੍ਰਾਪਤ ਕਰਨ ਲਈ ਲਿਖਿਆ ਗਿਆ। ਕਰਮਚਾਰੀ ਨਾ ਤਾ ਇਸ ਦਫਤਰ ਵਿਖੇ ਹਾਜਰ ਹੋਇਆ ਅਤੇ ਨਾ ਹੀ ਉਪ ਸਕੱਤਰ ਇੰਨਕੁਆਰੀ/ PSPCL, ਪਟਿਆਲਾ ਦੀ ਪੇਸ਼ੀ ਤੇ ਹਾਜਰ ਹੋਇਆ।

ਉਪ ਸਕੱਤਰ ਇੰਨਕੁਆਰੀ, PSPCL, ਪਟਿਆਲਾ ਨੇ ਵਿਭਾਗੀ ਪੜਤਾਲ ਰਿਪੋਰਟ ਵਿੱਚ ਸ੍ਰੀ ਰਾਜੇਸ਼ ਭੱਟ,ਸਟੈਨੋਟਾਈਪਿਸਟ ਵਿਰੁਧ ਲਗਾਏ ਦੋਸ਼ਾ ਨੂੰ ਸਹੀ ਸਿਧ ਹੁੰਦੇ ਦਰਸਾਇਆ ਗਿਆ। ਕਰਮਚਾਰੀ ਨੂੰ ਇਹ ਪੜਤਾਲ ਰਿਪੋਰਟ ਦੀ ਕਾਪੀ ਨਿਗਰਾਨ ਇੰਜੀਨੀਅਰ/ਪੀ ਤੇ ਐਮ ਹਲਕਾ, PSTCL, ਪਟਿਆਲਾ ਦੇ ਦਫਤਰੀ ਪੱਤਰ ਨੰ:6928 ਮਿਤੀ 11.11.13 ਰਾਹੀ ਭੇਜੀ ਗਈ ਅਤੇ ਆਪਣਾ ਸਪਸ਼ਟੀਕਰਨ 15 ਦਿਨਾ ਦੇ ਅੰਦਰ ਦੇਣ ਲਈ ਲਿਖਿਆ ਗਿਆ। ਪ੍ਰੰਤੂ ਕਰਮਚਾਰੀ ਨੇ ਇਹ ਪੱਤਰ ਲੈਣ ਤੋ ਇੰਨਕਾਰ ਕਰ ਦਿਤਾ। ਵਿਭਾਗੀ ਪੜਤਾਲ ਰਿਪੋਰਟ ਦੀ ਕਾਪੀ ਮਿਤੀ 17.01.14 ਨੂੰ ਕਰਮਚਾਰੀ ਦੇ ਘੱਰ ਦੇ ਬਾਹਰ ਚਿਪਕਾ ਦਿਤੀ ਗਈ।

ਉਪਰੋਕਤ ਕੀਤੀ ਗਈ ਪੜਤਾਲ ਦੇ ਨਤੀਜੇ ਅਨੁਸਾਰ ਸ੍ਰੀ ਰਾਜੇਸ਼ ਭੱਟ,ਸਟੈਨੋਟਾਈਪਿਸਟ ਵਿਰੁਧ ਦੋਸ਼ ਸੂਚੀ ਨੰ:1600 ਮਿਤੀ 02.04.12 ਰਾਹੀ ਲਗਾਏ ਗੈਰ ਹਾਜਰੀ ਸਬੰਧੀ ਦੋਸ਼ ਸਹੀ ਸਿੱਧ ਹੁੰਦੇ ਹਨ। ਕਰਮਚਾਰੀ ਨੂੰ ਉਪਰੋਕਤ ਘਟਨਾ ਰਾਹੀ ਪੜਤਾਲ ਵਿੱਚ ਸ਼ਾਮਲ ਹੋਣ ਸਬੰਧੀ ਦਿਤੇ ਨੋਟਿਸ/ਅਖਬਾਰਾ ਵਿੱਚ ਛਪਾਏ ਨੋਟਿਸ ਦਾ ਕੋਈ ਜਵਾਬ ਨਾ ਦੇਣ ਤੇ ਇਹ ਸਿੱਧ ਹੁੰਦਾ ਹੈ ਕਿ ਕਰਮਚਾਰੀ ਆਪਣੀ ਸਫਾਈ ਵਿੱਚ ਕੁੱਝ ਨਹੀ ਕਹਿਣਾ ਚਾਹੁੰਦਾ। ਸ੍ਰੀ ਰਾਜੇਸ਼ ਭੱਟ ਆਪਣੀ ਡਿਊਟੀ ਤੇ ਲਗਾਤਾਰ ਗੈਰ ਹਾਜਰ ਚੱਲ ਰਿਹਾ ਹੈ। ਇਸ ਤੋ ਸਪਸ਼ਟ ਹੈ ਕਿ ਕਰਮਚਾਰੀ ਆਪਣੀ ਡਿਊਟੀ ਤੇ ਮਨਮਰਜੀ ਨਾਲ ਗੈਰ ਹਾਜਰ ਹੈ ਅਤੇ ਨਿਗਮ ਦੇ ਕੰਮ ਕਾਜ ਵਿੱਚ ਕੋਈ ਦਿਲਚਸਪੀ ਨਹੀ ਰਖਦਾ ਹੈ। ਇਸ ਲਈ ਪੰਜਾਬ ਰਾਜ ਬਿਜਲੀ ਬੋਰਡ ਹੁਣ PSPCL ਅਤੇ PSTCL ਦੇ ਸਜਾ ਅਤੇ ਅਪੀਲ ਰੈਗੂਲੇਸ਼ਨ ਦੇ 1971 ਦੇ ਵਿਨਿਯਮ-5(9) ਤਹਿਤ ਸ੍ਰੀ ਰਾਜੇਸ਼ ਭੱਟ,ਸਟੈਨੋਟਾਈਪਿਸਟ ਦੀਆ ਸੇਵਾਵਾ ਮਿਤੀ 23.11.11 ਤੋ ਖਤਮ ਕੀਤੀਆ ਜਾਦੀਆ ਹਨ। ਕਰਮਚਾਰੀ ਦੇ ਸੇਵਾ ਵੇਰਵੇ ਹੇਠ ਲਿਖੇ ਅਨੁਸਾਰ ਹਨ:-

| | | |
|---|---|---|
| 1) | ਕਰਮਚਾਰੀ ਦਾ ਨਾਮ ਅਤੇ ਅਹੁਦਾ | : ਸ੍ਰੀ ਰਾਜੇਸ਼ ਭੱਟ,ਸਟੈਨੋਟਾਈਪਿਸਟ |
| 2) | ਪਿਤਾ ਦਾ ਨਾਮ | : ਸ੍ਰੀ ਮਨੀ ਰਾਮ ਭੱਟ |
| 3) | ਜਨਮ ਮਿਤੀ | : 10.07.1971 |
| 4) | ਬੋਰਡ ਵਿੱਚ ਭਰਤੀ ਹੋਣ ਦੀ ਮਿਤੀ | : 11.09.1997 A.N. |
| 5) | ਜੀ.ਪੀ.ਫੰਡ ਖਾਤਾ ਨੰ: | : R 9694 |
| 6) | ਸਥਾਈ ਪਤਾ | : ਮਕਾਨ ਨੰ:29,ਗਲੀ ਨੰ:03,ਬਾਜਵਾ ਕਲੋਨੀ,ਪਟਿਆਲਾ। |

-sd-
ਉਪ ਮੁੱਖ ਇੰਜੀਨੀਅਰ/ਪੀਤੇਐਮ,
ਪੀ.ਐਸ.ਟੀ.ਸੀ.ਐਲ., ਪਟਿਆਲਾ

ਪਿੱਠ ਅੰਕਣ ਨੰ: 7941/93
ਮਿਤੀ: 24-12-14

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਦਫਤਰਾ ਨੂੰ ਜਰੂਰੀ ਸੂਚਨਾ ਅਤੇ ਅਗਲੀ ਕਾਰਵਾਈ ਹਿੱਤ ਭੇਜਿਆ ਜਾਦਾ ਹੈ:-

1) ਸਮੂਹ ਡਾਇਰੈਕਟਰ/ਮੁੱਖ ਇੰਜੀਨੀਅਰ, PSTCL
2) ਸਮੂਹ ਇੰਜੀਨੀਅਰ-ਇਨ-ਚੀਫ/ਮੁੱਖ ਇੰਜੀਨੀਅਰ, PSPCL
3) ਮੁੱਖ ਪ੍ਰਬੰਧਕੀ ਅਤੇ ਆਈ.ਆਰ., PSPCL, ਪਟਿਆਲਾ
4) ਮੁੱਖ ਇੰਜੀਨੀਅਰ/ਥਰਮਲ ਡਿਜਾਈਨ, PSPCL, ਪਟਿਆਲਾ
5) ਸਮੂਹ ਉਪ ਮੁੱਖ ਇੰਜੀਨੀਅਰ/ PSTCL
6) ਉਪ ਸਕੱਤਰ/ਇੰਨਕੁਆਰੀ,ਸੈਲ-2,ਸ਼ਕਤੀ ਵਿਹਾਰ, PSPCL, ਪਟਿਆਲਾ
7) ਉਪ ਸਕੱਤਰ/ਅਮਲਾ ਅਰਾਜਟੀ-2, PSPCL, ਪਟਿਆਲਾ
8) ਮੁੱਖ ਲੇਖਾ ਅਫਸਰ/ਪੈਨਸ਼ਨ ਸੈਲ, ਜੀ.ਪੀ.ਫੰਡ, PSPCL, ਪਟਿਆਲਾ
9) ਚੀਫ ਆਡਿਟਰ ਐਸ.ਐਲ.ਡੀ.ਸੀ., PSTCL, ਪਟਿਆਲਾ
10) ਚੀਫ ਅਫਸਰ ਡਾਇਰੈਕਟੋਰੇਟ, PSTCL, ਪਟਿਆਲਾ
11) ਸ੍ਰੀ ਰਾਜੇਸ਼ ਭੱਟ ਪੁੱਤਰ ਸ੍ਰੀ ਮਨੀ ਰਾਮ ਭੱਟ, ਮਕਾਨ ਨੰ:29,ਗਲੀ ਨੰ:03,ਬਾਜਵਾ ਕਲੋਨੀ,ਪਟਿਆਲਾ।

ਉਪ ਮੁੱਖ ਇੰਜੀਨੀਅਰ/ਪੀ ਤੇ ਐਮ,
ਪੀ.ਐਸ.ਟੀ.ਸੀ.ਐਲ., ਪਟਿਆਲਾ